| |
|---|
| ਦਫਤਰ ਪ੍ਰਿੰਸੀਪਲ ਸਰੂਪ ਰਾਣੀ ਸਰਕਾਰੀ ਕਾਲਜ (ਇ) ਅੰਮ੍ਰਿਤਸਰ |
| ਵਜੀਫਾ ਨੋਟਿਸ/ਮਿਤੀ: 03-10-2020 |
| **SC/OBC ਵਿਦਿਆਰਥੀਆਂ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ ਸਬੰਧੀ।** |

ਸੈਸ਼ਨ 2020-21 ਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿੰਨ੍ਹਾਂ ਦਾ ਦਾਖਲਾ 3020/-( ਤਿੰਨ ਹਜ਼ਾਰ ਵੀਹ ਰੁਪਏ) ਨਾਲ ਹੋਇਆ ਹੈ।ਉਨ੍ਹਾਂ ਵਿਦਿਆਰਥੀਆਂ ਦਾ ਵਜ਼ੀਫਾ ਫਾਰਮ ਭਲਾਈ ਵਿਭਾਗ ਪੰਜਾਬ ਦੀ ਵੈਬ-ਸਈਟ www.punjabscholarships.gov.in ਤੇ ਆਨ-ਲਾਈਨ ਕੀਤਾ ਜਾਣਾ ਹੈ। ਹਾਲ ਦੀ ਘੜੀ ਵੈਬ-ਸਾਈਟ ਸਰਕਾਰ ਵੱਲੋ ਬੰਦ ਹੈ।ਜਿਸ ਦੀ ਸੂਚਨਾਂ ਵਿਦਿਆਰਥੀਆਂ ਨੂੰ ਵੈਬ-ਸਾਈਟ ਓਪਿਨ ਹੋਣ ਤੇ ਨੋਟਿਸ ਦੁਆਰਾ ਦਿੱਤੀ ਜਾਵੇਗੀ।

ਸਬੰਧਤ ਸਕੀਮ ਦਾ ਲਾਭ ਪ੍ਰਾਪਤ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹੇਠ ਲਿਖੇ ਦਸਤਾਵੇਜ ਤਿਆਰ ਕਰਕੇ ਮਿਤੀ 20-10-2020 ਤੱਕ ਕਾਲਜ ਦਫਤਰ ਵਜ਼ੀਫਾ ਸੈਲ ਵਿਚ ਸ. ਰੇਸ਼ਮ ਸਿੰਘ ਪਾਸ ਜਮ੍ਹਾਂ ਕਰਵਾਏ ਜਾਣੇ ਯਕੀਨੀ ਬਣਾਉਣਗੇ।ਇਹ ਸੂਚਨਾਂ ਵਿਦਿਆਰਥੀ ਨੂੰ ਕੋਵਿਡ-19 ਦੀ ਮਹਾਮਾਰੀ ਨੂੰ ਮੱਦੇਨਜ਼ਰ ਰੱਖਦੇ ਹੋਏ ਪਹਿਲਾ ਹੀ ਦਿੱਤੀ ਜਾਂਦੀ ਹੈ ਕਿ ਵਿਦਿਆਰਥੀ ਨੂੰ ਵਜ਼ੀਫਾ ਫਾਰਮ ਆਨ- ਲਾਈਨ ਅਪਲੋਡ ਕਰਨ ਸਮੇ ਕਿਸੇ ਪ੍ਰਕਾਰ ਦੀ ਮੁਸ਼ਕਿਲ ਪੇਸ਼ ਨਾ ਆਵੇ ਅਤੇ ਵਿਦਿਆਰਥੀ ਸਰਕਾਰ ਵੱਲੋ ਦਿੱਤੇ ਜਾਣ ਵਾਲੇ ਲਾਭ ਪ੍ਰਾਪਤ ਕਰ ਸਕਣ।

| |
|---|
| 1- ਮੈਟ੍ਰਿਕ ਸਰਟੀਫਿਕੇਟ। |
| 2- ਪਿਛਲੀ ਪਾਸ ਕੀਤੀ ਕਲਾਸ ਦੀ ਡੀ.ਐਮ.ਸੀ। |
| 3- ਜੇਕਰ ਕਿਸੇ ਵਿਦਿਆਰਥੀ ਦਾ ਗੈਪ ਹੋਵੇ ਤਾਂ ਉਸਦਾ ਸਰਟੀਫਿਕੇਟ। |
| 4- ਜਾਤੀ ਸਰਟੀਫਿਕੇਟ( ਜੇਕਰ ਵਿਦਿਆਰਥੀ ਦੀ ਉਮਰ 18 ਸਾਲ ਤੋ ਵੱਧ ਹੈ ਤਾਂ ਸਰਟੀਫਿਕੇਟ ਵਿਦਿਆਰਥੀ ਦੇ ਨਾਮ ਤੇ ਹੋਵੇ ਅਤੇ ਜੇਕਰ ਵਿਦਿਆਰਥੀ ਦੀ ਉਮਰ 18 ਸਾਲ ਤੋ ਘੱਟ ਹੈ ਤਾਂ ਪਿਤਾ ਦੇ ਜਾਤੀ ਸਰਟੀਫਿਕੇਟ ਵਿਚ ਵਿਦਿਆਰਥੀ ਦਾ ਨਾਮ ਦਰਜ ਹੋਣਾ ਜਰੂਰੀ ਹੈ। |
| 5- ਪੰਜਾਬ ਰੈਜੀਡੈਂਸ ਸਰਟੀਫਿਕੇਟ( ਜੇਕਰ ਵਿਦਿਆਰਥੀ ਦੀ ਉਮਰ 18 ਸਾਲ ਤੋ ਵੱਧ ਹੈ ਤਾਂ ਪੰਜਾਬ ਰੈਜੀਡੈਂਸ ਸਰਟੀਫਿਕੇਟ ਵਿਦਿਆਰਥੀ ਦੇ ਨਾਮ ਤੇ ਹੋਵੇ ਅਤੇ ਜੇਕਰ ਵਿਦਿਆਰਥੀ ਦੀ ਉਮਰ 18 ਸਾਲ ਤੋ ਘੱਟ ਹੈ ਤਾਂ ਪਿਤਾ ਦੇ ਪੰਜਾਬ ਰੈਜੀਡੈਂਸ ਸਰਟੀਫਿਕੇਟ ਵਿਚ ਵਿਦਿਆਰਥੀ ਨਾਮ ਦਰਜ ਹੋਣਾ ਜਰੂਰੀ ਹੈ। |
| 6-ਯੋਗ ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ ਸਾਰੇ ਵਸੀਲਿਆਂ ਤੋ |
| (ੳ) ਐਸ.ਸੀ.ਲਈ 2-50 ਲੱਖ ਤੋ ਘੱਟ ਹੋਵੇ। |
| (ਅ) ੳ.ਬੀ.ਸੀ ਲਈ 1-50 ਲੱਖ ਤੋ ਘੱਟ ਹੋਵੇ। |

ਪਰਤੋ ---

| | |
|---|---|
| | 7-ਵਿਦਿਆਰਥੀ ਆਪਣੇ ਪਿਤਾ ਦੀ ਸਾਲਾਨਾ ਇਨਕਮ ਸਬੰਧੀ ਤਹਿਸੀਲਦਾਰ ਦੁਆਰਾ ਜਾਰੀ ਕੀਤਾ ਇਨਕਮ ਸਰਟੀਫਿਕੇਟ ਦੇਣਗੇ। |
| | (ਨੋਟ: ਜੇਕਰ ਕਿਸੇ ਵਿਦਿਆਰਥੀ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਤਾਂ ਵਿਦਿਆਰਥੀ ਆਪਣੀ ਮਾਤਾ ਦਾ ਤਹਿਸੀਲਦਾਰ ਦੁਆਰਾ ਬਣਿਆ ਸਾਲਾਨਾ ਇਨਕਮ ਸਰਟੀਫਿਕੇਟ ਦੇਣਗੇ ਅਤੇ ਪਿਤਾ ਦੀ ਮੌਤ ਦੇ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇਗੀ। |
| | |
| | 8- ਵਿਦਿਆਰਥੀ ਦਾ ਅਧਾਰ ਕਾਰਡ ਵਿਚ ਜਨਮ ਮਿਤੀ ਪੂਰੀ ਲਿਖੀ ਹੋਣੀ ਚਾਹੀਦੀ ਹੈ(DD/MM/YYYY) |
| | 9-ਵਿਦਿਆਰਥੀ ਦਾ ਬੈਕ ਖਾਤਾ ਆਪਣੇ ਨਾਮ ਤੇ ਹੋਣਾ ਜਰੂਰੀ ਹੈ ਅਤੇ ਅਧਾਰ ਕਾਰਡ ਨਾਲ ਲਿੰਕ ਹੋਣਾ ਚਾਹੀਦਾ ਹੈ। |
| | 10-ਵਿਦਿਆਰਥੀ ਦੁਆਰਾ ਭਰੀ ਫੀਸ ਸਲਿਪ ਦੀ ਫੋਟੋ ਕਾਪੀ। |
| | 11-ਵਿਦਿਆਰਥੀ ਦੇ ਮਾਤਾ ਪਿਤਾ(ਦੋਨਾਂ) ਦੇ ਅਧਾਰ ਕਾਰਡ ਕਾਪੀ। |
| | 12-ਜਿਹੜੇ ਵਿਦਿਆਰਥੀਆਂ ਨੇ ਹੋਸਟਲ ਵਿਚ ਰਹਿਣਾ ਹੈ ਉਸ ਸਬੰਧੀ ਲਿਖਤੀ ਰੂਪ ਵਿਚ ਅਰਜੀ ਨੱਥੀ ਕਰਨਗੇ। |
| | 13-ਸਮੈਸਟਰ ਤੀਜਾ ਅਤੇ ਪੰਜਵਾ ਦੇ ਸਾਰੀਆਂ ਕਲਾਸਾਂ ਦੇ ਵਿਦਿਆਰਥੀ ਪਿਛਲੇ ਸਾਲ ਆਨ-ਲਾਈਨ ਭਰੇ ਵਜ਼ੀਫਾ ਫਾਰਮ ਦੀ ਫੋਟੋ ਕਾਪੀ ਨੱਥੀ ਕਰਨਗੇ। |
| | 14-ਹਰ ਵਿਦਿਆਰਥੀ ਆਪਣਾ WHATS APP ਮੋਬਾਇਲ ਨੰਬਰ ਦੇਣਾ ਯਕੀਨੀ ਬਣਾਉਣਗੇ ਤਾਂ ਜੋ ਸਰਕਾਰ ਵੱਲੋ ਸਮੇ-ਸਮੇ ਸਿਰ ਜਾਰੀ ਹਦਾਇਤਾਂ ਦੀ ਸੂਚਨਾਂ ਵਿਦਿਆਰਥੀ ਨੂੰ ਦਿੱਤੀ ਜਾਵੇ। |
| ਨੋਟ:-1 | ਸਾਰੇ ਦਸਤਾਵੇਜ਼ ਵਿਚ ਕਿਸੇ ਵੀ ਪ੍ਰਕਾਰ ਦੀ ਕੋਈ ਗਲਤੀ ਨਹੀ ਹੋਣੀ ਚਾਹੀਦੀ ਜਿਵੇ ਕਿ ਵਿਦਿਆਰਥੀ ਦੀ ਜਨਮ ਤਾਰੀਖ,ਵਿਦਿਆਰਥੀ ਦਾ ਨਾਮ,ਵਿਦਿਆਰਥੀ ਦੇ ਮਾਤਾ-ਪਿਤਾ ਦਾ ਨਾਮ,ਵਿਦਿਆਰਥੀ ਦਾ ਬੈਕ ਖਾਤਾ,ਵਿਦਿਆਰਥੀ ਦੇ ਅਧਾਰ ਕਾਰਡ ਸਮੇਤ ਮਾਤਾ-ਪਿਤਾ ਦੇ ਅਧਾਰ ਕਾਰਡ ਵਿਚ ਹੂ-ਬ- ਹੂ ਮੇਲ ਕਰਦੇ ਹੋਣੇ ਚਾਹੀਦੇ ਹਨ। |
| ਨੋਟ:-2 | ਵਿਦਿਆਰਥੀ ਨੂੰ ਦਸਤਾਵੇਜ ਤਿਆਰ ਕਰਨ ਸਬੰਧੀ **ਜੇਕਰ** ਕੋਈ ਮੁਸਕਿਲ ਪੇਸ਼ ਆਉਂਦੀ ਹੈ ਤਾਂ ਸ. ਰੇਸ਼ਮ ਸਿੰਘ ਮੋਬਾਇਲ ਨੰਬਰ 9501866400 ਤੇ ਸੰਪਰਕ ਕਰਨ। |
| ਨੋਟ:-3 | ਵਿਦਿਆਰਥੀ ਵੱਲੋ ਦਿੱਤੀ ਜਾਣ ਵਾਲੀ ਅੰਡਰਟੇਕਿੰਗ ਅਤੇ 75ਪ੍ਰਤੀਸ਼ਤ ਹਾਜ਼ਰੀ ਸਬੰਧੀ ਦਿੱਤੇ ਜਾਣ ਵਾਲੇ ਸਰਟੀਫਿਕਟ ਸੰਬਧੀ ਪੋਰਟਲ ਓਪਿਨ ਹੋਣ ਤੇ ਆਨ-ਲਾਈਨ ਕੀਤੇ ਵਜ਼ੀਫਾ ਫਾਰਮ ਨਾਲ ਨੱਥੀ ਕਰਨਾ ਯਕੀਨੀ ਹੋਵੇਗਾ। |

ਇੰਚਾਰਜ
ਵਜ਼ੀਫਾ ਸੈਲ

ਪ੍ਰਿੰਸੀਪਲ,
ਸ.ਰ.ਸਰਕਾਰੀ ਕਾਲਜ(ਇ)
ਅੰਮ੍ਰਿਤਸਰ।
3-10-20